ਮਿਤੀ 11-06-2022

# ਪ੍ਰੈਸ ਨੋਟ

***ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਜਿਲੇ ਅੰਦਰ ਪਿਛਲੇ ਸਮੇਂ ਦੌਰਾਨ ਵੱਖ-ਵੱਖ ਵਿਅਕਤੀਆ ਦੇ ਗੁੰਮ ਹੋਏ 121 ਮੋਬਾਈਲ ਫੌਨ ਟਰੇਸ ਕਰਕੇ ਅਸਲ ਮਾਲਕਾਂ ਦੇ ਹਵਾਲੇ ਕੀਤੇ ਗਏ***

ਸ਼੍ਰੀ ਚਰਨਜੀਤ ਸਿੰਘ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪਿਛਲੇ ਕੁੱਝ ਸਮੇਂ ਦੌਰਾਨ ਵੱਖ-ਵੱਖ ਵਿਅਕਤੀਆ ਵੱਲੋਂ ਉਹਨਾਂ ਦੇ ਮੋਬਾਈਲ ਫੌਨ ਗੁੰਮ ਹੋਣ ਬਾਬਤ ਜਿਲ੍ਹਾ ਦੇ ਵੱਖ-ਵੱਖ ਸਾਂਝ ਕੇਂਦਰਾਂ ਪਰ ਸੂਚਨਾਂ/ਸ਼ਿਕਾਇਤਾਂ ਦਰਜ਼ ਕਰਵਾਈਆ ਗਈਆ ਸਨ। ਇਹਨਾਂ ਵਿੱਚੋਂ ਕਈ ਮੋਬਾਈਲ ਫੌਨ ਕਾਫੀ ਮਹਿੰਗੇ ਅਤੇ ਇਹਨਾਂ ਮੋਬਾਈਲ ਫੌਨਾ ਵਿੱਚ ਸਬੰਧਤਾਂ ਦਾ ਅਹਿਮ ਡਾਟਾ/ਰਿਕਾਰਡ ਹੋਣ ਕਰਕੇ ਮੋਬਾਈਲ ਫੌਨ ਗੁੰਮ ਹੋਣ ਨਾਲ ਆਮ ਲੋਕਾਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਨੂੰ ਮੱਦੇਨਜ਼ਰ ਰੱਖਦੇ ਹੋਏ ਜਿਲ੍ਹਾ ਫਿਰੋਜ਼ਪੁਰ ਪੁਲਿਸ ਵੱਲੋਂ ਉਪਰੋਕਤ ਪ੍ਰਾਪਤ ਹੋਈਆ ਸ਼ਿਕਾਇਤਾਂ ਦੇ ਆਧਾਰ ਤੇ ਗੁੰਮ ਹੋਏ ਮੋਬਾਈਲ ਫੌਨ ਟਰੇਸ ਕਰਨ ਲਈ ਇੰਚਾਰਜ਼ ਟੈਕਨਿਕਲ ਵਿੰਗ, ਡੀ.ਪੀ.ਓ., ਫਿਰੋਜ਼ਪੁਰ ਦੀ ਜਿੰਮੇਵਾਰੀ ਲਗਾਈ ਗਈ; ਜੋ ਸ.ਥ. ਗੁਰਦੇਵ ਸਿੰਘ ਅਤੇ ਉਹਨਾਂ ਦੀ ਟੀਮ ਦੀ ਮੇਹਨਤ ਸਦਕਾ 121 ਗੁੰਮ ਹੋਏ ਮੋਬਾਈਲ ਫੌਨ ਟਰੇਸ ਕਰਕੇ ਉਹਨਾਂ ਦੇ ਅਸਲ ਮਾਲਕਾਂ ਦੀ ਸ਼ਨਾਖਤ ਕਰਕੇ ਅੱਜ ਸਬੰਧਤ ਅਸਲ ਮਾਲਕਾਂ ਨੂੰ ਉਹਨਾਂ ਦੇ ਮੋਬਾਈਲ ਫੌਨ ਸਪੁਰਦ ਕੀਤੇ ਗਏ ਹਨ। ਇਸ ਤੋਂ ਇਲਾਵਾ ਬਾਕੀ ਲੰਬਿਤ ਸ਼ਿਕਾਇਤਾਂ ਪਰ ਵੀ ਕਾਰਵਾਈ ਜ਼ਾਰੀ ਹੈ, ਭਵਿੱਖ ਵਿੱਚ ਟਰੇਸ ਹੋਣ ਵਾਲੇ ਮੋਬਾਈਲ ਫੌਨ ਵੀ ਜਲਦ ਹੀ ਅਸਲ ਮਾਲਕਾਂ ਦੀ ਤਸਦੀਕ ਕਰਕੇ ਉਹਨਾਂ ਦੇ ਸਪੁਰਦ ਕੀਤੇ ਜਾਣਗੇ।

ਇਸ ਤੋਂ ਇਲਾਵਾ ਐਸ.ਐਸ.ਪੀ. ਸਾਹਿਬ ਨੇ ਦੱਸਿਆ ਕਿ ਜਿਲ੍ਹਾ ਪੁਲਿਸ ਵੱਲੋਂ ਸ਼ਹਿਰੀ ਤੇ ਦਿਹਾਤੀ ਇਲਾਕੇ ਅੰਦਰ ਸ਼ਰਾਰਤੀ ਅਨਸਰਾਂ ਤੇ ਕੜੀ ਨਜ਼ਰ ਰੱਖੀ ਜਾ ਰਹੀ ਹੈ, ਰੋਜ਼ਾਨਾ ਪੀ.ਸੀ.ਆਰ. ਮੋਟਰਸਾਈਕਲ ਤੇ ਪੁਲਿਸ ਕਰਮਚਾਰੀਆ ਵੱਲੋਂ ਗਸ਼ਤ ਕੀਤੀ ਜਾ ਰਹੀ ਹੈ, ਰੋਜ਼ਾਨਾ ਸਪੈਸ਼ਲ ਨਾਕਾਬੰਦੀਆ ਕਰਵਾ ਕੇ ਸ਼ੱਕੀ ਵਹੀਕਲਾਂ ਤੇ ਵਿਅਕਤੀਆ ਦੀ ਜਾਂਚ ਕੀਤੀ ਜਾ ਰਹੀ ਹੈ। ਜਿਲ੍ਹਾ ਪੁਲਿਸ ਪਬਲਿਕ ਦੀ ਜਾਨ-ਮਾਲ ਦੀ ਰਾਖੀ ਲਈ ਹਮੇਸ਼ਾ ਤੱਤਪਰ ਹੈ, ਜੇਕਰ ਕਿਸੇ ਵੀ ਪਬਲਿਕ ਨੇ ਕਿਸੇ ਮਾੜੇ ਅੰਨਸਰ ਬਾਰੇ ਕੋਈ ਸੂਚਨਾਂ ਸਾਂਝੀ ਕਰਨੀ ਹੋਵੇ ਤਾਂ ਉਹ ਵਿਅਕਤੀ ਨਿੱਜੀ ਤੌਰ ਤੇ ਜਾਂ ਕੰਟ੍ਰੋਲ ਰੂਮ ਫਿਰੋਜ਼ਪੁਰ ਰਾਹੀਂ ਸੰਪਰਕ ਕਰ ਸਕਦਾ ਹੈ।

Scanned by CamScanner